**ਪ੍ਰੈਸ ਨੋਟ**

ਅੱਜ ਮਿਤੀ 03.05.2024 ਨੂੰ ਸ੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਰੂਪਨਗਰ ਵਲੋ ਪ੍ਰੈਸ ਨੋਟ ਰਾਂਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਗਾਮੀ ਲੋਕ ਸਭਾ ਚੋਣਾ-2024 ਦੇ ਮੱਦੇਨਜ਼ਰ ਮਿਤੀ 02.05.2024 ਨੂੰ ਜਿਲ੍ਹਾ ਵਿੱਚ ਸਮਾਜ ਵਿਰੋਧੀ/ਸ਼ਰਾਰਤੀ ਅਨਸਰਾ ਖਿਲਾਫ ਸ਼ਾਮ 5.00 ਵਜੇ ਤੋ 8.00 ਵਜੇ ਤੱਕ ਸਪੈਸ਼ਲ "ਕਾਰਡਨ ਐਂਡ ਸਰਚ ਓਪਰੇਸ਼ਨ" ਚਲਾਇਆ ਗਿਆ। ਇਸ ਓਪਰੇਸ਼ਨ ਦੋਰਾਨ ਜਿਲ੍ਹਾਂ ਵਿੱਚ ਪੈਂਦੀਆਂ ਭੀੜ-ਭਾੜ ਵਾਲੀਆਂ ਮਾਰਕੀਟਾਂ/ਸਥਾਨਾ ਤੇ ਪਾਰਕ ਕੀਤੇ ਗਏ ਸ਼ੱਕੀ ਵਹੀਕਲਾ ਅਤੇ ਇਨ੍ਹਾਂ ਮਾਰਕੀਟਾਂ ਵਿੱਚ ਘੁੰਮ ਰਹੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਇਸ ਓਪਰੇਸ਼ਨ ਦੋਰਾਨ ਸ਼ੱਕੀ ਵਿਅਕਤੀਆਂ ਨੂੰ ਰਾਂਊਡਅਪ ਕਰਕੇ ਉਨ੍ਹਾਂ ਦੀ ਪ੍ਰੋਪਰ ਚੈਕਿੰਗ ਕੀਤੀ ਗਈ। ਇਸ ਓਪਰੇਸ਼ਨ ਵਿੱਚ 72 ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੇ ਭਾਗ ਲਿਆ। ਜੋ ਇਸ ਓਪਰੇਸ਼ਨ ਦੋਰਾਨ ਜਿਲ੍ਹਾਂ ਵਿੱਚ ਪੈਂਦੀਆਂ 15 ਮਾਰਕੀਟਾਂ ਨੂੰ ਚੈਕ ਕੀਤਾ ਗਿਆ ਅਤੇ ਇਨ੍ਹਾਂ ਮਾਰਕੀਟਾ ਵਿੱਚ ਪਾਰਕ ਕੀਤੇ 197 ਵਹੀਕਲ ਚੈਕ ਕੀਤੇ ਗਏ। ਇਸ ਤੋ ਇਲਾਵਾ 56 ਸ਼ੱਕੀ ਵਿਅਕਤੀ ਨੂੰ ਰਾਂਊਡਅਪ ਕਰਕੇ ਚੈਕ ਕੀਤਾ ਗਿਆ। ਜੋ ਇਸ ਓਪਰੇਸ਼ਨ ਦੋਰਾਨ ਚੋਰੀ ਕੀਤਾ 1 ਮੋਟਰਸਾਇਕਲ ਬ੍ਰਾਮਦ ਕੀਤਾ ਗਿਆ, ਜਿਸਤੇ ਮੁਕੱਦਮਾ ਨੰਬਰ 30 ਮਿਤੀ 02.05.2024 ਅ/ਧ 379 ਹਿੰ.ਦੰ. ਥਾਣਾ ਦਰਜ਼ ਰਜਿਸਟਰ ਕਰਕੇ ਅਰੁਨ ਕੁਮਾਰ ਪੁੱਤਰ ਸੀਤਾ ਰਾਮ ਅਤੇ ਅਭਿਸ਼ੇਕ ਪੁੱਤਰ ਬਲਵੀਰ ਵਾਸੀਆਨ ਸਬੋਰ ਥਾਣਾ ਨੂਰਪੁਰਬੇਦੀ ਗ੍ਰਿਫਤਾਰ ਕੀਤਾ ਗਿਆ। ਇਸ ਤੋ ਇਲਾਵਾ 7.5 ਕਿਲੋ ਭੁੱਕੀ ਬਰਾਮਦ ਕੀਤੀ ਗਈ, ਜਿਸ ਤੇ ਮੁਕੱਦਮਾ ਨੰਬਰ 41 ਮਿਤੀ 02.05.2024 ਅ/ਧ 15-61-85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਮੋਰਿੰਡਾ ਦਰਜ਼ ਕਰਕੇ ਕੁਲਦੀਪ ਸਿੰਘ ਪੁੱਤਰ ਰੋਣਕ ਸਿੰਘ ਵਾਸੀ ਮੁਹੱਲਾ ਰਵੀਦਾਸ ਭਗਤ ਮੋਰਿੰਡਾ ਨੂੰ ਗ੍ਰਿਫਤਾਰ ਕੀਤਾ ਗਿਆ।

ਸ੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਰੂਪਨਗਰ ਵਲੋ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਰੂਪਨਗਰ ਪੁਲਿਸ ਵਲੋ ਲਗਾਤਾਰ ਇਹ ਵਿਸ਼ੇਸ਼ ਮੁਹਿੰਮ ਚਲਾਕੇ ਰੋਜਾਨਾ ਹੀ ਗਸ਼ਤਾ, ਨਾਕਾਬੰਦੀਆ ਅਤੇ ਸਰਚ ਕਰਵਾਕੇ ਮਾੜੇ ਅਨਸਰਾ ਨੂੰ ਕਾਬੂ ਕੀਤਾ ਜਾ ਰਿਹਾ ਹੈ ਅਤੇ ਨਸ਼ਿਆ ਦਾ ਧੰਦਾ ਕਰਨ ਵਾਲਿਆ ਵਿਰੁੱਧ ਮੁਕੱਦਮੇ ਦਰਜ ਕਰਕੇ ਬਰਾਮਦਗੀ ਕਰਵਾਈ ਜਾ ਰਹੀ ਹੈ। ਜਿਲ੍ਹਾ ਪੁਲਿਸ ਵਲੋ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰ ਨੂੰ ਸਿਰ ਚੱਕਣ ਨਹੀ ਦਿੱਤਾ ਜਾਵੇਗਾ ਅਤੇ ਜਿਲਾ ਦੇ ਅੰਦਰ ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ। ਰੂਪਨਗਰ ਪੁਲਿਸ ਵਲੋਂ ਵਿੱਢੀ ਇਸ ਮੁਹਿੰਮ ਨੂੰ ਅੱਗੇ ਵੀ ਇਸ ਤਰ੍ਹਾ ਹੀ ਜਾਰੀ ਰੱਖਿਆ ਜਾਵੇਗਾ।